
ज्ञान-विज्ञान विमुक्तये
UGC Approval Number 63012



***Declaration of Author***

I hereby declare that the content of this research paper has been truly made by me including the title of the research paper/research article, and no serial sequence of any sentence has been copied through internet or any other source except references or some unavoidable essential or technical terms. In case of finding any patent or copy right content of any source or other author in my paper/article, I shall always be responsible for further clarification or any legal issues. For sole right content of different author or different source, which was unintentionally or intentionally used in this research paper shall immediately be removed from this journal and I shall be accountable for any further legal issues, and there will be no responsibility of Journal in any matter. If anyone has some issue related to the content of this research paper's copied or plagiarism content he/she may contact on my above mentioned email ID.

Airo International Research Journal
Volume XIV, ISSN: 2320-3714
April, 2018
Impact Factor 0.75 to 3.19
UGC Approval Number 63012

# ਪੰਜਾਬੀ ਸਾਹਿਤਕ ਖੋਜ : ਨਿਕਾਸ ਤੇ ਵਿਕਾਸ

ਡਾ. ਰੁਪਿੰਦਰ ਸਿੰਘ

ਖੋਜ ਲੁਪਤ ਤੱਥਾਂ ਦੇ ਇਕੱਤਰੀਕਰਨ ਤੋਂ ਲੈ ਕੇ ਵਿਸ਼ਲੇਸ਼ਣ ਤੇ ਧਾਰਨਾਵਾਂ ਦੇ ਨਿਰਮਾਣ ਤੱਕ ਦਾ ਸਫ਼ਰ ਕਰਦੀ ਹੈ। ਅਸਲ ਵਿਚ ਖੋਜ ਵਿਗਿਆਨਕ ਪੱਧਤੀਆਂ ਅੰਤਰਗਤ ਤੱਥਾਂ ਨੂੰ ਲੱਭਣ ਤੋਂ ਲੈ ਕੇ, ਤੱਥਾਂ ਦੇ ਵਿਸ਼ਲੇਸ਼ਣ ਤੇ ਸਿਧਾਂਤਕ ਰਾਵਾਂ ਦਾ ਨਿਰਮਾਣ ਕਰਨ ਵਾਲੀ ਅਜਿਹੀ ਪ੍ਰਕਿਰਿਆ ਮੰਨੀ ਗਈ ਹੈ, ਜਿਸਦਾ ਮੂਲ ਮੰਤਵ ਗਿਆਨ ਵਿਚ ਵਾਧਾ ਕਰਨਾ ਹੈ। ਸਾਹਿਤ ਮਨੁੱਖ ਦੇ ਬਾਹਰੀ ਜਗਤ ਨਾਲ ਟਕਰਾਅ ਦੀ ਸਥਿਤੀ ਵਿਚੋਂ ਉਤਪੰਨ ਹੋਏ ਮਾਨਸਿਕ ਪ੍ਰਤੀਕਰਮਾਂ ਦਾ ਸ਼ਾਬਦਿਕ ਪ੍ਰਗਟਾਵਾ ਹੁੰਦਾ ਹੈ। ਮਨੁੱਖ ਸੰਵੇਦਨਾ ਦਿਸਦੇ ਯਥਾਰਥ ਦੇ ਵਿਭਿੰਨ ਵਰਤਾਰਿਆਂ ਪ੍ਰਤੀ ਆਪਣੀ ਸਥਿਤੀ ਨੂੰ ਵਿਭਿੰਨ ਸਾਹਿਤਕ ਰੂਪਾਂ ਰਾਹੀਂ ਅਭਿਵਿਅਕਤ ਕਰਦੀ ਹੈ। ਸਾਹਿਤਕ ਖੋਜ ਦਾ ਅਧਿਐਨ ਖੇਤਰ ਮਨੁੱਖੀ ਜੀਵਨ ਨਾਲ ਸਬੰਧਤ ਇਨ੍ਹਾਂ ਸਾਹਿਤਕ ਕਿਰਤਾਂ, ਸਾਹਿਤ-ਸਿਧਾਂਤਾਂ, ਸਾਹਿਤਕ ਮੁੱਲਾਂ ਨੂੰ ਪਛਾਣਨ, ਨਿਖੇੜਨ ਤੇ ਵਿਸ਼ਲੇਸਿਤ ਕਰਨ ਨਾਲ ਸਬੰਧਤ ਕਿਹਾ ਜਾ ਸਕਦਾ ਹੈ।

ਸਾਹਿਤਕ ਖੋਜ ਦਾ ਮੁੱਖ ਰੁਝਾਨ ਸਿਧਾਂਤ ਨਿਰੂਪਣ ਤੋਂ ਲੈ ਕੇ ਤੱਥ - ਅਨੁਸੰਧਾਨ ਤੇ ਸਮੀਖਿਆ ਤੱਕ ਚਲਾ ਜਾਂਦਾ ਹੈ। ਸਾਹਿਤਕ ਖੋਜ ਵੀ ਹੋਰ ਗਿਆਨ – ਅਨੁਸ਼ਾਸ਼ਨਾਂ ਵਾਂਗ ਨਿਸ਼ਚਿਤ ਵਿਗਿਆਨਕ ਖੋਜ ਵਿਧੀ ਅੰਤਰਗਤ ਸੰਪੂਰਨ ਹੋਣ ਵਾਲੀ ਪ੍ਰਕਿਰਿਆ ਹੈ। ਇਸ ਅੰਤਰਗਤ ਕਿਸੇ ਸਾਹਿਤਕ ਕਿਰਤ ਜਾਂ ਲੇਖਕ ਨੂੰ ਸਾਮਣੇ ਰੱਖਦਿਆਂ, ਲੇਖਕ ਤੇ ਉਸਦੀ ਕਿਰਤ ਸਬੰਧੀ ਵਿਭਿੰਨ ਸ੍ਰੋਤਾਂ ਤੋਂ ਤੱਥ ਇਕੱਤਰ ਕਰਕੇ ਲੇਖਕ ਜਾਂ ਉਸਦੀ ਰਚਨਾ ਦਾ ਸਾਹਿਤਕ ਮੁੱਲ ਨਿਰਧਾਰਿਤ ਕੀਤਾ ਜਾਂਦਾ ਹੈ। ਸਾਹਿਤਕ ਖੋਜ ਦੇ ਮੁੱਢਲੇ ਦੌਰ ਸਬੰਧੀ ਡਾ. ਬਲਕਾਰ ਸਿੰਘ ਦਾ ਮੰਨਣਾ ਹੈ,

> ਆਰੰਭਿਕ ਦੌਰ ਵਿਚ ਇਹ ਖੋਜ – ਕਾਰਜ ਸਿਰਜਣਾਵਾਂ ਇਕੱਠੀਆਂ ਕਰਨ, ਹੱਥ ਲਿਖਤ ਖਰੜਿਆਂ ਨੂੰ ਸਾਂਭਣ, ਸੰਪਾਦਨ ਕਰਨ, ਲੇਖਕਾਂ ਅਤੇ ਲਿਖਤ ਸਮੱਗਰੀ ਇਕੱਤਰੀਕਰਨ ਦੀ ਲੋੜ ਵਾਲਾ ਸੀ। ਜਿਸ ਵਿਚ ਸੂਫੀ ਕਲਾਮ, ਕਿੱਸਾ ਕਾਵਿ, ਵਾਰਾਂ, ਸਾਖੀਆਂ ਆਦਿ ਦੇ ਪ੍ਰਮਾਣਿਕ ਪਾਠ, ਲੇਖਕਾਂ ਦੇ ਜੀਵਨ ਦੇ ਪ੍ਰਮਾਣਿਕ ਵੇਰਵੇ ਆਦਿ ਖੋਜ ਦੇ ਕੇਂਦਰੀ ਵਿਸ਼ੇ ਬਣਦੇ ਹਨ।[1]

ਉਪਰੋਕਤ ਜਾਣਕਾਰੀ ਤੋਂ ਇਹ ਅੰਜਾਦਾ ਸਹਿਜੇ ਹੀ ਹੋ ਜਾਂਦਾ ਹੈ ਕਿ ਮੁੱਢਲੇ ਦੌਰ ਦੀ ਸਾਹਿਤਕ ਖੋਜ ਭਾਵੇਂ ਅਜੇ ਰਚਨਾਵਾਂ

Airo International Research Journal
Volume XIV, ISSN: 2320-3714
April, 2018
Impact Factor 0.75 to 3.19

ज्ञान-विज्ञान विमुक्तये
UGC Approval Number 63012

ਦੀ ਪ੍ਰਮਾਣਿਕਤਾ ਅਤੇ ਰਚਨਾਕਾਰ ਦੇ ਜੀਵਨ ਵੇਰਵਿਆਂ ਤੱਕ ਮਹਿਦੂਦ ਰਹਿੰਦੀ ਹੈ ਪਰ ਆਪਣੇ ਅਗਲੇ ਪੜ੍ਹਾ ਵਿਚ ਵੱਖ – ਵੱਖ ਸਾਹਿਤਕ ਵਿਧਾਵਾਂ ਸਬੰਧੀ ਖੋਜ ਦੇ ਪ੍ਰਚਲਨ ਸਦਕਾ ਇਸਦੇ ਖੇਤਰ ਵਿਚ ਵਿਸ਼ਾਲ ਪੱਧਰ ਉੱਤੇ ਵਾਧਾ ਹੁੰਦਾ ਹੈ। ਸਮਾਜਿਕ ਵਿਗਿਆਨਾਂ ਵਿਚ ਖੋਜ ਹੋਣ ਨਾਲ ਖੋਜ ਦੇ ਪੂਰਵਲੇ ਪ੍ਰਕਿਰਤਕ ਵਿਗਿਆਨਾਂ ਨਾਲ ਜੁੜੇ ਰਹਿਣ ਦੀ ਅਧਿਐਨ – ਸੀਮਾ ਟੁੱਟਦੀ ਹੈ ਅਤੇ ਖੋਜ ਦੇ ਸਾਹਿਤਕ ਤੇ ਸਮਾਜਿਕ ਦਾਇਰੇ ਵਿਚ ਵਾਧਾ ਹੁੰਦਾ ਹੈ।

ਪੰਜਾਬੀ ਵਿਚ ਸਾਹਿਤਕ ਖੋਜ ਦੇ ਆਰੰਭ ਦੀ ਗੱਲ ਕਰੀਏ ਤਾਂ ਬਹੁਗਿਣਤੀ ਚਿੰਤਕ ਇਸ ਮਤ ਉੱਤੇ ਸਹਿਮਤੀ ਪ੍ਰਗਟ ਕਰਦੇ ਹਨ ਕਿ ਪੰਜਾਬੀ ਵਿਚ ਖੋਜ ਦਾ ਰੁਝਾਨ ਪੱਛਮੀ ਪ੍ਰਭਾਵ ਅਧੀਨ ਉਪਜਿਆ ਹੈ। ਖੋਜ ਦੇ ਖੇਤਰ ਵਿਚ ਨਾਮਵਰ ਚਿੰਤਕ ਧਰਮ ਸਿੰਘ ਨੇ ਇਸ ਤੋਂ ਪੂਰਵ ਸੰਪਾਦਨ ਜਾਂ ਟੀਕਾ – ਟਿੱਪਣੀ ਕਰਨ ਵਾਲੀ ਹਿੰਦੁਸਤਾਨ ਦੀ ਆਪਣੀ ਰਵਾਇਤ ਨੂੰ ਪੰਜਾਬੀ ਖੋਜ ਦੇ ਬੀਜ ਰੂਪ ਵਿਚ ਮੌਜੂਦ ਹੋਣ ਵੱਲ ਇਸ਼ਾਰਾ ਕਰਦਿਆਂ, ਪੰਜਾਬੀ ਖੋਜ ਦਾ ਜਨਮ ਉਰਦੂ ਅਤੇ ਅੰਗਰੇਜ਼ੀ ਦੋਹਾਂ ਭਾਸ਼ਾਵਾਂ ਦੇ ਅੰਤਰਗਤ ਹੋਇਆ ਸਵੀਕਾਰ ਕੀਤਾ ਹੈ।[2] ਪੰਜਾਬੀ ਸਾਹਿਤ ਵਿਚ ਅਜਿਹੀਆਂ ਖੋਜਮੂਲਕ ਰਵਾਇਤਾਂ ਨੂੰ ਖੋਜ ਦੇ ਘੇਰੇ ਵਿਚ ਸਵੀਕਾਰ ਨਹੀਂ ਕੀਤਾ ਜਾ ਸਕਦਾ ਕਿਉਕਿ ਮਹਿਜ ਤੱਥਾਂ ਦੇ ਸੰਕਲਨ ਨੂੰ ਵਿਗਿਆਨਕ ਦ੍ਰਿਸ਼ਟੀ ਦੀ ਅਣਹੋਂਦ ਵਿਚ ਪ੍ਰਸਤੁਤ ਕਰ ਦੇਣਾ, ਸੰਪਾਦਨ ਕਲਾ ਤਾਂ ਹੋ ਸਕਦੀ ਹੈ ਪਰ ਖੋਜ ਨਹੀਂ ਕਹੀ ਜਾ ਸਕਦੀ। ਇਨਾਂ ਰਵਾਇਤਾਂ ਨੂੰ ਪੰਜਾਬੀ ਖੋਜ ਦੇ ਬੀਜ ਰੂਪ ਹੀ ਸਵੀਕਾਰ ਕੀਤਾ ਜਾ ਸਕਦਾ ਹੈ। ਪੱਛਮੀ ਸਭਿਅਤਾ ਦੇ ਪੰਜਾਬ ਵਿਚ ਫੈਲਦੇ ਪਾਸਾਰ ਨੇ ਜਿੱਥੇ ਪੰਜਾਬ ਦੀ ਸਾਹਿਤਕ ਖੋਜ ਦਾ ਪ੍ਰਮਾਣਿਕ ਰੂਪ ਵਿਚ ਮੁੱਢ ਬੰਨਣ ਵਿਚ ਪਹਿਲ ਕੀਤੀ ਉੱਥੇ ਪੰਜਾਬੀ ਸਾਹਿਤਕਾਰਾਂ ਨੂੰ ਵੀ ਇਸ ਦਿਸ਼ਾ ਵਿਚ ਯਤਨ ਜੁਟਾਉਣ ਲਈ ਪ੍ਰਭਾਵਿਤ ਕੀਤਾ। ਸੋ ਇਹ ਕਹਿਣਾ ਵਾਜਿਬ ਹੈ ਕਿ ਪੰਜਾਬੀ ਖੋਜ ਦਾ ਆਰੰਭਿਕ ਦੌਰ ਉਰਦੂ ਅਤੇ ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਸ਼ੁਰੂ ਹੋਇਆ। ਡਾ. ਧਰਮ ਸਿੰਘ ਨੇ ਪ੍ਰਮਾਣਿਕ ਤੌਰ ਉੱਤੇ ਉਨੀਵੀਂ ਸਦੀ ਦੇ ਦੂਜੇ ਅੱਧ ਤੋਂ ਬਾਅਦ ਪ੍ਰਕਾਸ਼ਿਤ ਪੁਸਤਕਾਂ 'ਹਨੂੰਮਾਨ ਨਾਟਕ' (1883) ਅਤੇ 'ਹਾਫਜ਼ਾਬਾਦ ਵਾਲੀ ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ' (1885) ਤੋਂ ਪੰਜਾਬੀ ਖੋਜ ਦਾ ਸਹੀ ਰੂਪ ਵਿਚ ਆਰੰਭ ਹੋਇਆ ਸਵੀਕਾਰ ਕੀਤਾ ਹੈ।[3] ਸਿੱਖ ਮਿਸ਼ਨਰੀਆਂ ਦੇ ਯਤਨਾਂ ਨੇ ਪੰਜਾਬੀ ਖੋਜ ਦੇ ਮੁੱਢਲੇ ਰੂਪ ਦੀ ਨੀਂਹ ਪੱਕੀ

ਕੀਤੀ। ਇਸ ਤਰ੍ਹਾਂ ਪੰਜਾਬੀ ਵਿਚ ਦੋ ਪ੍ਰਕਾਰ ਦੀ ਖੋਜ ਪ੍ਰਾਪਤ ਹੁੰਦੀ ਹੈ :

ਉਪਾਧੀਨਿਰਪੇਖ

- ਉਪਾਧੀ ਸਾਪੇਖ

ਉਪਾਧੀ ਨਿਰਪੇਖ ਸਿਰੜੀ ਪੰਜਾਬੀ ਵਿਦਵਾਨਾਂ ਅਧੀਨ ਹੋਈ ਹੈ ਜੋ ਨਿਰੋਲ ਸੇਵਾ ਭਾਵਨਾ ਅਧੀਨ ਬਿਨ੍ਹਾਂ ਕਿਸੇ ਉੱਚ – ਪੱਧਰੀ ਵਿਦਿਅਕ ਡਿਗਰੀ ਤੋਂ ਪੰਜਾਬੀ ਸਾਹਿਤ ਸਮੱਗਰੀ ਦੇ ਇਕੱਤਰੀਕਰਨ, ਸੰਪਾਦਨ ਅਤੇ ਸਮੀਖਿਆ ਕਰਨ ਨਾਲ ਸਬੰਧਤ ਹੈ। ਡਾ. ਕੁਲਦੀਪ ਸਿੰਘ ਧੀਰ ਅਨੁਸਾਰ,

> ਪੰਜਾਬੀ ਦੀ ਉਚੇਰੀ ਵਿਦਿਆ ਦੇ ਅਧਿਐਨ / ਅਧਿਆਪਨ ਦੀ ਸ਼ੁਰੂਆਤ ਤੋਂ ਪਹਿਲਾਂ ਪੰਜਾਬੀ ਖੋਜ ਦਾ ਕਾਰਜ ਸ਼ੌਕ ਅਤੇ ਮਿਸ਼ਨਰੀ ਭਾਵਨਾ ਨਾਲ ਕਰਨ ਵਾਲੇ ਸਿਰੜੀ ਵਿਦਵਾਨਾਂ ਦੇ ਹੱਥ ਸੀ, ਜੋ ਕਿਸੇ ਡਿਗਰੀ, ਡਿਪਲੋਮੇ, ਨੌਕਰੀ ਜਾਂ ਮਾਣ – ਸਨਮਾਨ ਦੇ ਮੁਥਾਜ ਨਹੀਂ ਸਨ। ਬਾਵਾ ਬੁੱਧ ਸਿੰਘ, ਜੀ. ਬੀ. ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ, ਪਿਆਰ ਸਿੰਘ ਪਦਮ, ਪ੍ਰੋ. ਸਾਹਿਬ ਸਿੰਘ, ਭਾਈ ਜੋਧ ਸਿੰਘ, ਪ੍ਰੋ. ਪ੍ਰੀਤਮ ਸਿੰਘ, ਪ੍ਰਿੰ. ਤੇਜਾ ਸਿੰਘ, ਪ੍ਰੋ. ਗੁਲਵੰਤ ਸਿੰਘ ਜੇਹੇ ਨਾਮ ਇਸ ਦਾ ਪ੍ਰਮਾਣ ਹਨ।[4]

ਉਪਰੋਕਤ ਵਿਦਵਾਨ / ਚਿੰਤਕਾਂ ਤੋਂ ਬਿਨ੍ਹਾਂ ਵੀ ਕਈ ਹੋਰ ਸ਼ਖਸ਼ੀਅਤਾਂ ਦੇ ਨਾਮ ਇਸ ਦਿਸ਼ਾ ਵਿਚ ਵੇਖੇ ਜਾ ਸਕਦੇ ਹਨ। ਧਰਮ ਸਿੰਘ ਨੇ ਉਪਾਧੀ ਨਿਰਪੇਖ ਖੋਜ ਵਿਚ ਪ੍ਰੋ. ਗੁਰਮੁਖ ਸਿੰਘ, ਭਾਈ ਵੀਰ ਸਿੰਘ, ਮੌਲਾ ਬਖ਼ਸ਼ ਕੁਸ਼ਤਾ ਨੂੰ ਵੀ ਸ਼ਾਮਿਲ ਕੀਤਾ ਹੈ।[5] ਇਸ ਸੂਚੀ ਵਿਚ ਇਜਾਫਾ ਕਰਦੇ ਹੋਏ ਧਰਮਪਾਲ ਸਿੰਗਲ ਨੇ ਲੋਕਧਾਰਾਈ ਸਮੱਗਰੀ ਦੇ ਸੰਕਲਨ ਨਾਲ ਜੁੜੇ ਵਿਸ਼ੇਸ਼ ਨਾਵਾਂ ਵਿਚੋਂ ਹਰਜੀਤ ਸਿੰਘ, ਸਤਿਆਰਥੀ ਅਤੇ ਐਮ. ਐਸ. ਰੰਧਾਵਾ ਨੂੰ ਉਪਾਧੀ ਨਿਰਪੇਖ ਖੋਜ ਕਰਨ ਵਾਲੇ ਖੋਜੀਆਂ ਵਿਚ ਸ਼ਾਮਿਲ ਕੀਤਾ ਹੈ।[6]

ਪੰਜਾਬੀ ਵਿਚ ਉਪਾਧੀ ਸਾਖੇਪ ਖੋਜ ਉੱਚ ਵਿਦਿਅਕ ਡਿਗਰੀਆਂ ਦੀ ਪ੍ਰਾਪਤੀ ਨਾਲ ਸਬੰਧਤ ਹੋ ਕੇ ਆਰੰਭ ਹੋਈ ਹੈ। ਪੰਜਾਬੀ ਅਦਬ ਨਾਲ ਜੁੜੀਆਂ ਕਈ ਵਿਸ਼ੇਸ਼ ਹਸਤੀਆਂ ਨੇ ਇਸ ਦਿਸ਼ਾ ਵਿਚ ਖੋਜ ਕਾਰਜ ਕਰਦਿਆਂ ਭਰਪੂਰ ਸਮੱਗਰੀਵਰਧਕ, ਉਸਾਰੂ ਅਤੇ ਅਜੋਕੀ ਪੰਜਾਬੀ ਖੋਜ ਲਈ ਅਹਿਮ ਸ੍ਰੋਤ ਬਣਨ ਵਾਲਾ

ਖੋਜ ਕਾਰਜ ਕੀਤਾ। "ਡਾ. ਮੋਹਨ ਸਿੰਘ ਦੀਵਾਨਾ, ਡਾ. ਸ਼ੇਰ ਸਿੰਘ, ਡਾ. ਪਿਆਰ ਸਿੰਘ, ਡਾ. ਸੁਰਿੰਦਰ ਸਿੰਘ ਕੋਹਲੀ ਜਿਹੇ ਵਿਦਵਾਨ ਇਸ ਸ਼੍ਰੇਣੀ ਵਿਚ ਹੀ ਆਉਂਦੇ ਹਨ"[7]ਧਰਮ ਸਿੰਘ ਨੇ ਉਪਾਧੀ ਸਾਖੇਪ ਖੋਜ ਦਾ ਆਰੰਭ ਡਾ. ਬਨਾਰਸੀ ਦਾਸ ਜੈਨ ਦੇ ਲਿਖੇ ਖੋਜ ਪ੍ਰਬੰਧ ਤੋਂ ਸਵੀਕਾਰ ਕੀਤਾ ਹੈ।[8] ਆਰੰਭਕ ਉਪਾਧੀ ਸਾਪੇਖ ਖੋਜ ਅੰਤਰਗਤ ਖੋਜ ਪ੍ਰਬੰਧ ਅੰਗਰੇਜ਼ੀ ਭਾਸ਼ਾ ਵਿਚ ਲਿਖੇ ਗਏ ਅਤੇ ਇਹਨਾਂ ਖੋਜ ਕਾਰਜਾਂ ਦਾ ਸਾਹਿਤ – ਇਤਿਹਾਸਕ ਦ੍ਰਿਸ਼ਟੀ ਤੋਂ ਮੁੱਲਵਾਨ ਸਮੱਗਰੀ ਜੁਟਾਉਣ ਵਿਚ ਅਹਿਮ ਸਥਾਨ ਹੈ। "ਪੰਜਾਬੀ ਸਾਹਿਤ – ਆਲੋਚਨਾ ਵਿਚ ਅਨੁਸੰਧਾਨਾਤਮਕ, ਆਲੋਚਨਾ ਦੇ ਮੋਢੀ ਡਾ. ਮੋਹਨ ਸਿੰਘ ਹਨ। ਆਪ ਨੇ ਸਾਹਿਤ – ਖੋਜ ਦੀਆਂ ਸਿਹਤਮੰਦ ਪਿਰਤਾਂ ਪਾਈਆਂ।"[9] ਸੋ ਇਹਨਾਂ ਆਰੰਭਲੇ ਉਪਾਧੀ ਸਾਪੇਖਕ ਖੋਜ ਕਾਰਜਾਂ ਨੇ ਪੰਜਾਬੀ ਵਿਚ ਅਕਾਦਮਿਕ ਖੋਜ ਦੀ ਨੀਂਹ ਰੱਖੀ।

ਸੁਤੰਤਰਤਾ ਉਪਰੰਤ ਪਰਿਸਥਿਤੀਆਂ ਬਦਲਣ ਨਾਲ ਪੰਜਾਬੀ ਭਾਸ਼ਾ ਪ੍ਰਤੀ ਬੇਰੁਖੀ ਘਟਦੀ ਹੈ ਤੇ ਪੰਜਾਬੀ ਦੀ ਐਮ. ਏ. ਨੂੰ ਵਿਸ਼ੇ ਦੇ ਤੌਰ ਉੱਤੇ ਪੜ੍ਹਾਇਆ ਜਾਣ ਲੱਗਦਾ ਹੈ। ਦਿੱਲੀ ਯੂਨੀਵਰਸਿਟੀ, ਦਿੱਲੀ ਤੇ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਬਾਅਦ ਪੰਜਾਬ ਵਿਚ ਨਵੇਂ ਉੱਚ ਵਿਦਿਅਕ ਅਦਾਰਿਆਂ ਦੀ ਸਥਾਪਨਾ ਤਹਿਤ ਸਾਲ 1962 ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਅਤੇ ਸਾਲ 1969 ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਹੋਂਦ ਵਿਚ ਆਉਂਦੀਆਂ ਹਨ ਅਤੇ ਇਸ ਨਾਲ ਪੰਜਾਬੀ ਖੋਜ ਆਪਣਾ ਵਿਸਥਾਰ ਕਰਦੀ ਹੈ। ਸਿੱਟੇ ਵਜੋਂ ਇਹਨਾਂ ਅਦਾਰਿਆਂ ਵਿਚ ਖੋਜ ਕਾਰਜਾਂ ਦੀ ਗਤੀ ਤੇਜ ਹੁੰਦੀ ਹੈ। ਇਹਨਾਂ ਅਦਾਰਿਆਂ ਵਿਚ ਅਧਿਆਪਕਾਂ ਦੀ ਭਰਤੀ ਪ੍ਰਕਿਰਿਆ ਲਈ ਪੀ-ਐਚ. ਡੀ ਯੋਗ ਅਧਿਆਪਕਾਂ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ। ਇਸ ਉਪਰੰਤ ਯੂਨੀਵਰਸਿਟੀ ਅਧਿਆਪਕਾਂ ਨੂੰ ਪੀ-ਐਚ. ਡੀ ਡਿਗਰੀ ਜਰੂਰੀ ਸ਼ਰਤ ਵਜੋਂ ਮੰਨੀ ਜਾਣ ਲਗਦੀ ਹੈ। ਸਮੇਂ-ਸਮੇਂ ਕਾਲਜ ਅਧਿਆਪਕਾਂ ਦੀਆਂ ਤਨਖਾਹਾਂ ਅਤੇ ਦਰਜੇਬੰਦੀ ਵਿਚ ਵੀ ਫੇਰਬਦਲ ਕੀਤੇ ਗਏ, ਜਿਸ ਤਹਿਤ ਕਾਲਜ ਤੇ ਯੂਨੀਵਰਸਿਟੀ ਲੈਕਚਰਾਰਾਂ ਦਾ ਦਰਜਾ ਲਗਭਗ ਇੱਕ ਸਮਾਜ ਕਰ ਦਿੱਤਾ ਗਿਆ। ਇਸ ਉਪਰੰਤ ਨਵੇਂ ਸੰਸ਼ੋਧਨ ਤਹਿਤ ਕੇਵਲ ਪੀ-ਐਚ. ਡੀ ਯੋਗਤਾ ਰੱਖਣ ਵਾਲੇ ਅਧਿਆਪਕਾਂ ਨੂੰ ਹੀ ਤਰੱਕੀ ਅਤੇ ਅਧਿਆਪਨ-ਸੀਮਾਂ ਵਿਚ ਵਾਧਾ ਲੈਣ ਦੇ ਯੋਗ ਮੰਨਿਆ ਗਿਆ ਹੈ। "ਇਸ ਤਰ੍ਹਾਂ ਕੁਝ ਮਜ਼ਬੂਰੀ, ਕੁਝ ਅੰਤਰ-ਪ੍ਰੇਰਣਾ, ਤਰੱਕੀ ਦੇ ਨਵੇਂ ਮੌਕਿਆਂ ਅਤੇ ਉੱਚ ਵਿਦਿਅਕ ਯੋਗਤਾ ਰੱਖਣ ਦੀ ਲਾਲਸਾ ਅਧੀਨ ਪੰਜਾਬੀ ਵਿਚ ਪੀ-ਐਚ.ਡੀ ਡਿਗਰੀ ਪ੍ਰਾਪਤ ਕਰਨ ਵਾਲਿਆਂ ਵਿਚ ਇਕ ਜ਼ੋਰਦਾਰ ਉਤਸ਼ਾਹ ਪੈਦਾ ਹੋਇਆ।"[10]ਇਸਦਾ ਇਕ ਪੱਖ ਇਹ ਵੀ ਸਾਹਮਣੇ ਆਉਂਦਾ ਹੈ ਕਿ ਉੱਚ ਵਿਦਿਅਕ ਯੋਗਤਾ ਦੇ ਚਾਹਵਾਨ ਕਈ ਅਯੋਗ ਵਿਅਕਤੀ ਵੀ ਇਸ ਦੌੜ ਵਿਚ ਸ਼ਾਮਿਲ ਹੁੰਦੇ ਹਨ। ਅਕਾਦਮਿਕ ਪੱਧਰ ਉੱਤੇ ਪੰਜਾਬੀ ਖੋਜ ਨੇ ਸਾਹਿਤ ਦੇ ਵਿਭਿੰਨ ਪੱਖਾਂ ਨੂੰ ਭਾਰਤੀ ਅਤੇ ਪੱਛਮੀ ਆਲੋਚਨਾ-ਦ੍ਰਿਸ਼ਟੀਆਂ ਤੋਂ ਆਪਣੇ ਕਲੇਵਰ ਵਿਚ ਲਿਆ

ਹੈ। ਪੰਜਾਬੀ ਖੋਜ ਦਾ ਫੋਕਸ ਵਧੇਰੇ ਕਰਕੇ ਸਾਹਿਤ-ਇਤਿਹਾਸ ਅਤੇ ਕਵਿਤਾ ਹੀ ਰਹਿੰਦਾ ਹੈ। ਹੌਲੀ-ਹੌਲੀ ਹੋਰਨਾਂ ਸਾਹਿਤ ਰੂਪਾਂ ਅਤੇ ਖੇਤਰਾਂ ਨੂੰ ਵੀ ਖੋਜ ਵਜੋਂ ਚੁਣਿਆ ਜਾਣ ਲਗਦਾ ਹੈ ਪਰ ਜਿਆਦਾਤਰ ਖੋਜ ਦਾ ਰੁਝਾਨ ਪ੍ਰਕਾਸ਼ਿਤ ਸਾਹਿਤ, ਗੁਰਬਾਣੀ ਅਤੇ ਕਿੱਸਾ ਕਾਵਿ ਦੁਆਲੇ ਹੀ ਕੇਂਦਰਿਤ ਰਹਿੰਦਾ ਹੈ। ਨਿਰੋਲ ਅਕਾਦਮਿਕ ਲੋੜਾਂ/ਪਦਵੀਆਂ ਦੀ ਪੂਰਤੀ ਹਿਤ ਜਦੋਂ ਖੋਜ ਵਿਚ ਇਕਦਮ ਵਾਧਾ ਹੁੰਦਾ ਹੈ ਤਾਂ ਨਿਸ਼ਚੇ ਹੀ ਪੰਜਾਬੀ ਖੋਜ ਦਾ ਗਿਣਾਤਮਕ ਪੱਧਰ ਤਾਂ ਵਧਦਾ ਹੈ ਪਰ ਗੁਣਾਤਮਿਕ ਪੱਧਰ ਜਰੂਰ ਪ੍ਰਭਾਵਿਤ ਹੁੰਦਿਆਂ ਨਿਵਾਣ ਵੱਲ ਜਾਣ ਲਗਦਾ ਹੈ। ਇਸ ਸਥਿਤੀ ਸਬੰਧੀ ਡਾ. ਕੁਲਦੀਪ ਸਿੰਘ ਧੀਰ ਦੀ ਰਾਇ ਹੈ,

> ਪੂੰਜੀਵਾਦੀ ਯੁਗ ਨੇ ਜੀਵਨ ਦੇ ਹੋਰ ਖੇਤਰਾਂ ਵਾਂਗ ਇਸ ਖੇਤਰ ਨੂੰ ਵੀ ਤੇਜ਼ੀ ਨਾਲ ਵਿਕ੍ਰਿਤ ਕੀਤਾ। ਖੋਜ ਕਾਰਜਾਂ ਵਿਚਲੀ ਗੰਭੀਰਤਾ ਤੇ ਮਿਸ਼ਨਰੀ ਭਾਵਨਾ ਦਿਨੋ ਦਿਨ ਗਾਇਬ ਹੁੰਦੀ ਗਈ ਤੇ ਇਸਦੀ ਥਾਂ ਕੈਰੀਅਰਿਜ਼ਮ ਲੈਂਦੀ ਗਈ। ਡਿਗਰੀ ਉਪਜੀਵਕਾ, ਜੁਗਾੜ, ਧੜੇਬੰਦੀ ਅਤੇ ਖਾਨਾਪੂਰਤੀ ਨਾਲ ਜੁੜੀਆਂ ਗਈਆਂ। ਯੂ.ਜੀ.ਸੀ. ਤੇ ਯੂਨੀਵਰਸਿਟੀਆਂ ਦੁਆਰਾ ਪੀ.ਐਚ.ਡੀ. ਨੂੰ ਅਧਿਆਪਨ ਤੇ ਪ੍ਰਬੰਧਕੀ ਅਸਾਮੀਆਂ ਲਈ ਲਾਜ਼ਮੀ ਕਰਨ ਨਾਲ ਇਹ ਸਥਿਤੀ ਸੁਧਰਨ ਦੀ ਥਾਂ ਹੋਰ ਵਿਗੜਦੀ ਪ੍ਰਤੀਤ ਹੋਈ ਹੈ।[11]

ਉਪਰੋਕਤ ਰਾਏ ਖੋਜ ਦੇ ਪੱਧਰ ਦਾ ਅੰਦਾਜਾ ਲਾਉਣ ਲਈ ਮਹੱਤਵਪੂਰਨ ਸ੍ਰੋਤ ਬਣਦੀ ਹੈ। ਅਕਾਦਮਿਕ ਤੌਰ ਉੱਤੇ ਪੀ-ਐਚ.ਡੀ ਤੋਂ ਬਿਨ੍ਹਾਂ ਕੁਝ ਨਵੇਂ ਕੋਰਸਾਂ ਦੇ ਆਰੰਭ ਹੋਣ ਪੰਜਾਬੀ ਖੋਜ ਦਾ ਘੇਰਾ ਹੋਰ ਵਿਸ਼ਾਲ ਹੁੰਦਾ ਹੈ। ਪ੍ਰਮੁੱਖ ਤੌਰ ਉੱਤੇ ਪੰਜਾਬੀ ਖੋਜ ਨਿਮਨਲਿਖਿਤ ਵਿਦਿਅਕ ਡਿਗਰੀਆਂ ਅੰਤਰਗਤ ਕੀਤੀ ਜਾਣ ਲਗਦੀ ਹੈ :

- ਐਮ.ਏ. ਡਿਗਰੀ ਵਿਚ ਸੈਮੀਨਾਰ ਵਿਚ ਲਿਖਿਆ ਖੋਜ-ਪੱਤਰ
- ਐਮ.ਏ. ਡਿਗਰੀ ਦੇ ਅਖੀਰ ਵਿਚ ਲਿਖਿਆ ਖੋਜ-ਪੱਤਰ
- ਐਮ.ਫਿਲ. ਡਿਗਰੀ ਵਿਚ ਲਿਖਿਆ ਖੋਜ-ਨਿਬੰਧ

- ਪੀ-ਐਚ.ਡੀ. ਡਿਗਰੀ ਵਿਚ ਲਿਖਿਆ ਖੋਜ-ਪ੍ਰਬੰਧ

- ਡੀ.ਲਿਟ ਤੇ ਐਮ.ਲਿਟ ਡਿਗਰੀ ਲਈ ਲਿਖਿਆ ਖੋਜ-ਪ੍ਰਬੰਧ

ਇਹਨਾਂ ਅਕਾਦਮਿਕ ਡਿਗਰੀਆਂ ਅੰਤਰਗਤ ਪੰਜਾਬੀ ਖੋਜ ਦਾ ਦਾਇਰਾ ਵਧੇਰੇ ਵਿਸ਼ਾਲ ਹੁੰਦਾ ਹੈ। ਪੰਜਾਬੀ ਖੋਜ ਵਿਚ ਐਮ.ਲਿਟ ਤੇ ਡੀ.ਲਿਟ ਡਿਗਰੀਆਂ ਕਰਨ ਦਾ ਰੁਝਾਨ ਘੱਟ ਹੀ ਰਹਿੰਦਾ ਹੈ। ਵਿਸ਼ਵ ਪੱਧਰ ਉੱਤੇ ਵਾਪਰੀਆਂ ਸਾਹਿਤਕ, ਆਰਥਿਕ, ਰਾਜਨੀਤਿਕ, ਸਮਾਜਿਕ, ਧਾਰਮਿਕ ਤਬਦੀਲੀਆਂ ਅਤੇ ਘਟਨਾਵਾਂ ਨੇ ਨਾ ਕੇਵਲ ਸਾਹਿਤਕ ਸਮੱਗਰੀ ਵਜੋਂ ਬਲਕਿ ਸਾਹਿਤਕ ਰੂਪਾਂ ਪੱਖੋਂ ਵੀ ਵਾਧਾ ਕੀਤਾ। ਸਿੱਟੇ ਵਜੋਂ ਪੰਜਾਬੀ ਖੋਜ ਨੇ ਇਹਨਾਂ ਪਰਿਵਰਤਨਾਂ ਨੂੰ ਆਧਾਰ ਬਣਾ ਕੇ ਵਿਭਿੰਨ ਪੱਖਾਂ ਤੋਂ ਖੋਜ ਅੰਤਰਗਤ ਵਿਚਾਰਿਆ। ਵਰਤਮਾਨ ਸਮੇਂ ਪੰਜਾਬੀ ਖੋਜ ਅੰਤਰ-ਅਨੁਸ਼ਾਸ਼ਨੀ ਪਹੁੰਚ ਤਹਿਤ ਹੋਰਨਾਂ ਭਾਸ਼ਾਵਾਂ, ਅਨੁਸ਼ਾਸ਼ਨਾ, ਅੰਤਰ-ਦ੍ਰਿਸ਼ਟੀਆਂ ਨੂੰ ਆਪਣੇ ਕਲੇਵਰ ਵਿਚ ਲੈਂਦੀ ਹੋਈ ਆਪਣਾ ਵਿਸਥਾਰ ਕਰਨ ਵਿਚ ਨਿਰੰਤਰ ਕਾਰਜਸ਼ੀਲ ਹੈ।

## ਹਵਾਲੇ ਤੇ ਟਿੱਪਣੀਆਂ :

1. ਡਾ. ਬਲਕਾਰ ਸਿੰਘ, 'ਪੰਜਾਬੀ ਸਾਹਿਤ-ਖੋਜ : ਦਸ਼ਾ ਤੇ ਦਿਸ਼ਾ', ਪੰਜਾਬੀ ਅਧਿਐਨ, ਅਧਿਆਪਨ ਅਤੇ ਖੋਜ, (ਸੰਪਾ. ਡਾ. ਲਾਭ ਸਿੰਘ ਖੀਵਾ), ਪੰਨਾ 34.
2. ਧਰਮ ਸਿੰਘ, 'ਉਰਦੂ ਤਜ਼ਕਰਾਨਿਗਾਰੀ ਅਤੇ ਆਰੰਭਲੇ ਪੰਜਾਬੀ ਸਾਹਿਤ-ਇਤਿਹਾਸ', ਵੀਂਹਵੀ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ, (ਸੰਪਾ. ਹਰਿਭਜਨ ਸਿੰਘ ਭਾਟੀਆ), ਪੰਨਾ 437.
3. ਉਹੀ, ਪੰਜਾਬੀ ਖੋਜ ਦਾ ਇਤਿਹਾਸ, ਪੰਨਾ 9.
4. ਡਾ. ਕੁਲਦੀਪ ਸਿੰਘ ਧੀਰ, 'ਪੰਜਾਬੀ ਖੋਜ : ਅਜੋਕੀ ਸਥਿਤੀ', ਪੰਜਾਬੀ ਅਧਿਐਨ, ਅਧਿਆਪਨ ਅਤੇ ਖੋਜ, (ਸੰਪਾ. ਡਾ. ਲਾਭ ਸਿੰਘ ਖੀਵਾ), ਪੰਨਾ 26.
5. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਨਾ 61
6. ਧਰਮ ਪਾਲ ਸਿੰਗਲ, 'ਪੰਜਾਬੀ ਦੇ ਸ਼ੋਧ-ਪ੍ਰਬੰਧ', ਆਲੋਚਨਾ, ਜੂਨ-ਜੁਲਾਈ 1963, ਪੰਨਾ 81.
7. ਡਾ. ਕੁਲਦੀਪ ਸਿੰਘ ਧੀਰ, 'ਪੰਜਾਬੀ ਖੋਜ : ਅਜੋਕੀ ਸਥਿਤੀ', ਪੰਜਾਬੀ ਅਧਿਐਨ, ਅਧਿਆਪਨ ਅਤੇ ਖੋਜ, (ਸੰਪਾ. ਡਾ. ਲਾਭ ਸਿੰਘ ਖੀਵਾ), ਪੰਨਾ 26.

8. ਧਰਮ ਸਿੰਘ, 'ਪੰਜਾਬੀ ਖੋਜ ਕਾਰਜ- ਇਕ ਜਾਇਜ਼ਾ', ਖੋਜ ਦਰਪਣ, ਜਨਵਰੀ 1983, ਪੰਨਾ 14.
9. ਸਾਹਿਤ ਕੋਸ਼, ਪੰਨਾ 71.
10. ਧਰਮ ਸਿੰਘ, ਪੰਜਾਬੀ ਖੋਜ ਦਾ ਇਤਿਹਾਸ, ਪੰਨਾ 63.
11. ਡਾ. ਕੁਲਦੀਪ ਸਿੰਘ ਧੀਰ, 'ਪੰਜਾਬੀ ਖੋਜ : ਅਜੋਕੀ ਸਥਿਤੀ', ਪੰਜਾਬੀ ਅਧਿਐਨ, ਅਧਿਆਪਨ ਅਤੇ ਖੋਜ, (ਸੰਪਾ. ਡਾ. ਲਾਭ ਸਿੰਘ ਖੀਵਾ), ਪੰਨਾ 26.